ਇੰਡੀਅਨ ਸਟੈਪ (ਪੰਜਾਬ ਸੋਧ) ਬਿੱਲ , 2025

ਪੰਜਾਬ ਬਿੱਲ ਨੰ.8 ਆਫ 2025

ਪੰਜਾਬ ਰਾਜ ਵਿੱਚ ਇਸ ਨੂੰ ਲਾਗੂ ਕਰਨ ਲਈ ਇੰਡੀਅਨ ਸਟੈਪ ਐਕਟ 1899 ਵਿੱਚ ਹੋਰ ਸੋਧ ਕਰਨ ਲਈ

ਬਿੱਲ

ਇਹ ਭਾਰਤੀ ਗਣਰਾਜ ਦੇ 76ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਇਸਨੂੰ ਲਾਗੂ ਕੀਤਾ ਜਾਂਦਾ ਹੈ:-

ਸੰਖੇਪ ਸਿਰਲੇਖ ਅਤੇ ਆਰੰਭ

1 (1) ਇਸ ਐਕਟ ਨੂੰ ਇੰਡੀਅਨ ਸਟੈਪ (ਪੰਜਾਬ ਸੋਧ) ਬਿੱਲ, 2025 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਇਸਦੇ ਪ੍ਰਕਾਸ਼ਨ ਦੀ ਮਿਤੀ ਤੋਂ ਲਾਗੂ ਹੋਵੇਗਾ।

1899 ਦੇ ਕੇਂਦਰੀ ਐਕਟ 2 ਦੇ ਸ਼ੈਡਿਊਲ 1-ਏ ਵਿੱਚ ਸੋਧ

2. ਭਾਰਤੀ ਸਟੈਂਪ ਐਕਟ, 1899 ਵਿੱਚ, ਪੰਜਾਬ ਰਾਜ ਵਿੱਚ ਇਸਦੀ ਵਰਤੋਂ ਲਈ, ਸੈਡਿਊਲ 1-ਏ ਦੇ ਇੰਦਰਾਜ 6 ਵਿੱਚ, ਅੰਤ ਵਿੱਚ, ਸ਼ਬਦਾਂ ਅਤੇ ਚਿੰਨ੍ਹ "ਅਜਿਹੇ ਦਸਤਾਵੇਜ਼ ਦੀ ਮਿਤੀ ਤੋਂ." ਦੀ ਥਾਂ ਤੇ "ਅਜਿਹੇ ਦਸਤਾਵੇਜ਼ ਦੀ ਮਿਤੀ ਤੋਂ:" ਸ਼ਬਦ ਅਤੇ ਚਿੰਨ੍ਹ ਆਉਣਗੇ ਇਸ ਤੋਂ ਬਾਅਦ ਹੇਠ ਲਿਖਿਆ ਉਪਬੰਧ ਸ਼ਾਮਲ ਕੀਤਾ ਜਾਵੇਗਾ, ਅਰਥਾਤ:-

"ਬਸ਼ਰਤੇ ਕਿ ਜੇਕਰ ਕਿਸੇ ਕਰਜ਼ਦਾਰ ਦੁਆਰਾ ਇਸ ਇੰਦਰਾਜ ਦੇ ਤਹਿਤ ਕਰਜ਼ੇ ਦੇ ਉਦੇਸ਼ ਲਈ ਸਟੈਂਪ-ਡਿਊਟੀ ਦਾ ਭੁਗਤਾਨ ਕੀਤਾ ਗਿਆ ਹੈ ਅਤੇ ਉਸ ਉਪਰੰਤ ਕਰਜ਼ਦਾਰ ਉਸ ਕਰਜ਼ੇ ਨੂੰ ਕਿਸੇ ਹੋਰ ਬੈਂਕ ਜਾਂ ਵਿੱਤੀ ਸੰਸਥਾ ਵਿੱਚ ਟ੍ਰਾਂਸਫਰ ਕਰ ਦਿੰਦਾ ਹੈ, ਤਾਂ ਉਹ ਅਚੱਲ ਜਾਂ ਚੱਲ ਸੰਪੱਤੀ ਦੇ ਮਾਮਲੇ ਵਿੱਚ ਕਰਜੇ ਨੂੰ ਟ੍ਰਾਂਸਫਰ ਕਰਨ ਲਈ ਇਸ ਇੰਦਰਾਜ ਦੇ ਤਹਿਤ ਸਟੈਂਪ-ਡਿਊਟੀ ਦਾ ਭੁਗਤਾਨ ਕਰਨ ਲਈ ਜਿੰਮੇਵਾਰ ਨਹੀਂ ਹੋਵੇਗਾ ਜੇਕਰ ਦਸਤਾਵੇਜ਼ ਜੋ ਇਸ ਇੰਦਰਾਜ ਦੇ ਤਹਿਤ ਪਹਿਲਾਂ ਗਿਰਵੀ, ਬੰਧਕ ਆਦਿ ਰੱਖੇ ਗਏ ਸਨ, ਉਹੀ ਹੋਣ ਅਤੇ ਕਰਜ਼ੇ ਦੀ ਰਕਮ ਪਹਿਲਾਂ ਵਾਲੀ ਰਕਮ ਦੇ ਬਰਾਬਰ ਜਾਂ ਘੱਟ ਹੋਵੇ। ਐਪਰ, ਜੇਕਰ ਕਰਜ਼ੇ ਦੀ ਰਕਮ ਪਹਿਲਾਂ ਵਾਲੀ ਰਕਮ ਤੋਂ ਵੱਧ ਹੁੰਦੀ ਹੈ ਤਾਂ ਸਟੈਂਪ-ਡਿਊਟੀ ਸਿਰਫ਼ ਵਾਧੂ ਰਕਮ ਤੇ ਹੀ ਅਦਾ ਕਰਨ ਯੋਗ ਹੋਵੇਗੀ।"

# ਵਿੱਤੀ ਮੈਮੋਰੰਡਮ

ਇਹ ਬਿੱਲ ਰਾਜ ਵਿੱਚ ਕਾਰੋਬਾਰ ਕਰਨ ਦੀ ਸੌਖ (ਈਜ਼ ਆਫ ਡੂਇੰਗ ਬਿਜ਼ਨੇਸ) ਨੂੰ ਵਧਾਉਣ ਅਤੇ ਸਟੈਂਪ ਡਿਊਟੀ ਨਿਯਮਾਂ ਨੂੰ ਵਧੇਰੇ ਪ੍ਰਭਾਵਸਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਭਾਰਤੀ ਸਟੈਂਪ ਐਕਟ 1899 ਦੇ ਸ਼ਡਿਊਲ 1-ਏ ਵਿੱਚ ਸੋਧ ਕਰਨ ਲਈ ਹੈ। ਇਸ ਵਿਚ ਪ੍ਰਸਤਾਵਿਤ ਸੋਧ ਦਾ ਉਦੇਸ਼ ਬੈਂਕਾ ਜਾਂ ਵਿੱਤੀ ਸੰਸਥਾਵਾਂ ਵਿਚਕਾਰ ਕਰਜਿਆ ਦੇ ਟਰਾਂਸਫਰ 'ਤੇ ਸਟੈਂਪ ਡਿਊਟੀ ਦੇ ਦੋਹਰੇ ਭੁਗਤਾਨ ਨੂੰ ਖਤਮ ਕਰਕੇ ਕਾਰੋਬਾਰਾ 'ਤੇ ਵਿੱਤੀ ਬੋਝ ਨੂੰ ਘਟਾਉਣਾ ਹੈ। ਇਸ ਨਾਲ ਪੁਨਰ-ਵਿੱਤੀਕਰਨ ਆਸਾਨ ਹੋਵੇਗਾ ਅਤੇ ਕਰਜ਼ੇ ਤੱਕ ਪਹੁੰਚ ਸੁਖਾਲੀ ਹੋਵੇਗੀ, ਜਿਸ ਨਾਲ ਕਾਰੋਬਾਰੀ ਵਿਕਾਸ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਇਹਨਾਂ ਤਬਦੀਲੀਆ ਦਾ ਉਦੇਸ ਪੰਜਾਬ ਦੀ ਕਾਰਬਾਰ-ਅਨੁਕੂਲ ਸੂਬੇ ਵਜੋਂ ਸਥਿਤੀ ਨੂੰ ਮਜਬੂਤ ਕਰਨਾ ਅਤੇ ਨਿਵੇਸ਼ ਅਤੇ ਆਰਥਿਕ ਵਿਸਥਾਰ ਨੂੰ ਉਤਸਾਹਿਤ ਕਰਨਾ ਹੈ।

ਕਿਉਂ ਜੋ ਬਿੱਲ ਵਿੱਚ ਕੋਈ ਅਜਿਹਾ ਉਪਬੰਧ ਨਹੀ ਹੈ ਜਿਸਦੇ ਨਤੀਜੇ ਵਜੋਂ ਰਾਜ ਦੇ ਸੰਚਿਤ ਵੰਡ ਵਿਚੋਂ ਆਵਰਤੀ ਜਾਂ ਗੈਰ-ਆਵਰਤੀ ਖਰਚੇ ਹੋਣ, ਇਸ ਲਈ ਇਸਦੇ ਲਾਗੂ ਹੋਣ ਨਾਲ ਰਾਜ ਸਰਕਾਰ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ।

ਹਰਦੀਪ ਸਿੰਘ ਮੁੰਡੀਆ

ਮਾਲ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ

## ਮੰਤਵਾਂ ਅਤੇ ਕਾਰਨਾਂ ਦੀ ਵਿਆਖਿਆ

ਭਾਰਤੀ ਸਟੈਂਪ ਐਕਟ, 1899 ਰਾਜ ਸਰਕਾਰ ਦੁਆਰਾ ਸਟੈਂਪ ਡਿਊਟੀ ਲਗਾਉਣ ਅਤੇ ਵਸੂਲੀ ਕਰਨ ਲਈ ਲਾਗੂ ਕੀਤਾ ਗਿਆ ਸੀ। ਇਸ ਐਕਟ ਵਿੱਚ ਰਾਜ ਵਿੱਚ ਸਟੈਂਪ ਡਿਊਟੀ ਵਸੂਲੀ ਦੇ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਉਪਬੰਧ ਹਨ।

ਪੰਜਾਬ ਨੂੰ ਇੱਕ ਵਧੇਰੇ ਉਦਯੋਗ-ਅਨੁਕੂਲ ਰਾਜ ਬਣਾਉਣ ਅਤੇ ਸ਼ਡਿਊਲ 1-ਏ ਦੇ ਇੰਦਰਾਜ 6 ਦੇ ਤਹਿਤ ਸਟੈਂਪ ਡਿਊਟੀ ਲਗਾਉਣ ਅਤੇ ਉਗਰਾਹੀ ਨਾਲ ਸਬੰਧਤ ਪ੍ਰਕਿਰਿਆਵਾਂ ਨੂੰ ਸੁਖਾਲਾ ਬਣਾਉਣ ਲਈ, ਸਬੰਧਤ ਉਪਬੰਧਾ ਨੂੰ ਸੁਚਾਰੂ ਬਣਾਉਣਾ ਜ਼ਰੂਰੀ ਹੈ। ਇਸ ਵਿਚ ਪ੍ਰਸਤਾਵਿਤ ਸੋਧ ਦਾ ਉਦੇਸ਼ ਰਾਜ ਵਿੱਚ ਕਾਰੋਬਾਰ ਕਰਨ ਦੀ ਸੌਖ ਨੂੰ ਵਧਾਉਣਾ ਅਤੇ ਸਟੈਂਪ ਡਿਊਟੀ ਨਿਯਮਾਂ ਨੂੰ ਵਧੇਰੇ ਕੁਸ਼ਲਤਾ ਨਾਲ ਲਾਗੂ ਕਰਨਾ ਯਕੀਨੀ ਬਣਾਉਣਾ ਹੈ।

ਇਸ ਸੋਧ ਦਾ ਉਦੇਸ਼ ਬੈਂਕਾ ਜਾਂ ਵਿੱਤੀ ਸੰਸਥਾਵਾਂ ਵਿਚਕਾਰ ਕਰਜ਼ਿਆਂ ਦੇ ਟ੍ਰਾਂਸਫਰ 'ਤੇ ਸਟੈਂਪ ਡਿਊਟੀ ਦੇ ਦੋਹਰੇ ਭਗਤਾਨ ਨੂੰ ਖਤਮ ਕਰਕੇ ਕਾਰੋਬਾਰਾਂ 'ਤੇ ਵਿੱਤੀ ਬੋਝ ਨੂੰ ਘਟਾਉਣਾ ਹੈ। ਇਸ ਨਾਲ ਮੁੜ-ਵਿੱਤੀਕਰਨ ਆਸਾਨ ਹੋਵੇਗਾ ਅਤੇ ਕਰਜ਼ੇ ਤੱਕ ਪਹੁੰਚ ਅਸਾਨ ਹੋਵੇਗੀ, ਜਿਸ ਨਾਲ ਕਾਰੋਬਾਰੀ ਵਿਕਾਸ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਇਹ ਸਹੂਲਤ ਸੁਚਾਰੂ, ਪੁਨਰ-ਵਿੱਤ ਪ੍ਰਕਿਰਿਆਵਾਂ ਨੂੰ ਉਤਸਾਹਿਤ ਕਰੇਗੀ ਅਤੇ ਰਾਜ ਦੇ ਅੰਦਰ ਕੰਮ ਕਰ ਰਹੇ ਉੱਦਮਾਂ ਅਤੇ ਉਦਯੋਗਾਂ ਲਈ ਕਰਜੇ ਤੱਕ ਪਹੁੰਚ ਨੂੰ ਸੁਖਾਲਾ ਬਣਾਏਗੀ।

ਉਪਰੋਕਤ ਉਦੇਸ਼ਾਂ ਨੂੰ ਪੂਰਾ ਕਰਨ ਲਈ, ਭਾਰਤੀ ਸਟੇਪ ਐਕਟ, 1899 ਵਿੱਚ ਸੋਧ ਕਰਨ ਦੀ ਤਜਵੀਜ਼ ਹੈ।

ਹਰਦੀਪ ਸਿੰਘ ਮੁੰਡੀਆ

ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ